# ਨਿਊਜ਼ ਰਿਲੀਜ਼

# ਆਟੋ ਇੰਸ਼ੋਰੈਂਸ ਤਬਦੀਲੀਆਂ ਨਾਲ  ਚੰਗੇ ਡਰਾਈਵਰਾਂ ਨੂੰ ਫਾਇਦਾ ਹੋਵੇਗਾ

01 ਨਵੰਬਰ, 2023  ਮੀਡੀਆ ਇਨਕੁਆਰੀਆਂ

## ਨਵੇਂ ਸੁਧਾਰ ਸੂਬੇ 'ਚ ਆਟੋਮੋਬਾਈਲ ਇੰਸ਼ੋਰੈਂਸ ਦੀ ਭਾਰੀ ਬਣ ਰਹੀ ਸਮੱਸਿਆ ਦੇ ਹੱਲ ਕਰਨਗੇ, ਕਿਉਂਕਿ ਸਰਕਾਰ ਲੰਮੇਰੇ ਸਮੇਂ ਦੇ ਸਮਾਂਧਾਨ ਲੱਭ ਰਹੀ ਹੈ।

ਐਲਬਰਟਾ ਸਰਕਾਰ ਐਲਬਰਟਾ ਨਿਵਾਸੀਆਂ ਨੂੰ ਰਾਹਤ ਦੇਣ ਲਈ ਸੰਭਵ ਤਰੀਕਾ ਲੱਭ ਰਹੀ ਹੈ। ਡਰਾਈਵਿੰਗ ਦੇ ਚੰਗੇ ਰਿਕਾਰਡ ਵਾਲੇ ਐਲਬਰਟਾ ਨਿਵਾਸੀ ਕੀਮਤ ਸੁਰੱਖਿਆ ਅਨੁਭਵ ਕਰਨਗੇ, ਜਿਸ 'ਚ ਇਹ ਯਕੀਨੀ ਹੋਵੇਗਾ ਕਿ ਉਨ੍ਹਾਂ ਦੇ ਇੰਸ਼ੋਰੈਂਸ ਦੇ ਰੇਟ ਮਹਿੰਗਾਈ ਦੀ ਦਰ ਨਾਲੋਂ ਜ਼ਿਆਦਾ ਨਾ ਵਧਣ। ਪ੍ਰਸਤਾਵਤ ਸੁਧਾਰ 1 ਜਨਵਰੀ 2024 ਤੋਂ ਸ਼ੁਰੂ ਹੋਣਗੇ।

"ਅਸੀਂ ਜਾਣਦੇ ਹਾਂ ਕਿ ਐਲਬਰਟਾ ਨਿਵਾਸੀ ਆਪਣੇ ਆਟੋ ਇੰਸ਼ੋਰੈਂਸ ਰੇਟਾਂ ਨਾਲ ਜੂਝਦੇ ਆ ਰਹੇ ਹਨ, ਇਸ ਲਈ ਅਸੀਂ ਹੱਲ ਲੱਭ ਸਕਣ ਵਾਸਤੇ ਸਖਤ ਮਿਹਨਤ ਕਰ ਰਹੇ ਹਾਂ। ਮੈਨੂੰ ਖੁਸ਼ੀ ਹੈ ਕਿ ਅਸੀਂ ਮਦਦ ਵਾਸਤੇ ਇਹ ਨਵੇਂ ਢੰਗ ਤਰੀਕੇ ਅੱਗੇ ਲਿਆਉਣ ਲਈ ਕੰਮ ਕਰ ਸਕਦੇ ਹਾਂ । ਮਹਿੰਗਾਈ ਅਤੇ ਪੁੱਜਤਯੋਗਤਾ ਦੇ ਸੰਕਟ ਐਲਬਰਟਾ ਨਿਵਾਸੀਆਂ ਦੀ ਜ਼ਿੰਦਗੀ ਨੂੰ ਵਧੇਰੇ ਮਹਿੰਗੀ ਬਣਾ ਰਹੇ ਹਨ। ਪਰੰਤੂ ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰਨਾਂ ਜਾਰੀ ਰੱਖਾਂਗੇ ਕਿ ਜਿਹੜੇ ਢੰਗ ਤਰੀਕੇ ਅਸੀਂ ਅਪਣਾਈਏ ਉਹ ਕੇਵਲ ਪੁੱਜਤਯੋਗ ਹੀ ਨਾ ਹੋਣ ਸਗੋਂ ਲੰਮੇਰੇ ਸਮੇਂ ਲਈ ਨਿਭਣਯੋਗ ਵੀ ਹੋਣ।"

*Danielle Smith, ਪ੍ਰੀਮੀਅਰ*

ਐਲਬਰਟਾ ਸਰਕਾਰ ਨਿਯਮਾਂ 'ਚ ਸੋਧ ਕਰਨ ਵਾਸਤੇ ਇਹ ਯਕੀਨੀ ਬਣਾਉਣ ਲਈ ਅਗਲੀ ਕਾਰਵਾਈ ਕਰੇਗੀ, ਕਿ ਇੰਸ਼ੋਰੈਂਸ ਦੇਣ ਵਾਲੇ/ਇੰਸ਼ੋਰਰ ਜ਼ਰੂਰੀ ਤੌਰ 'ਤੇ ਪੇਮੈਂਟ ਪਲੈਨ ਦੇ ਵਿਕਲਪ ਪੇਸ਼ ਕਰਨ, ਤਾਂ ਕਿ ਐਲਬਰਟਾ ਵਾਸੀਆਂ ਨੂੰ ਆਪਣੀ ਕਵਰੇਜ ਲਈ ਪੂਰੀ ਦੀ ਪੂਰੀ ਰਕਮ ਅਗਾਊਂ ਨਾ ਅਦਾ ਕਰਨੀ ਪਵੇ। ਇਹ ਤਬਦੀਲੀਆਂ ਇਹ ਯਕੀਨੀ ਬਣਾਉਣਗੀਆਂ ਕਿ ਇੰਸ਼ੋਰੈਂਸ ਇੰਡਸਟਰੀ ਕਲੇਮਾਂ ਦੇ ਖਰਚਿਆਂ ਨੂੰ ਪੂਰਿਆਂ ਕਰਨਾਂ ਅਤੇ ਐਲਬਰਟਾ ਦੇ ਡਰਾਈਵਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾਂ ਜਾਰੀ ਰੱਖ ਸਕਦੀ ਹੋਵੇ, ਜਦੋਂ ਕਿ ਐਲਬਰਟਾ ਵਾਸੀਆਂ ਨੂੰ ਵਧੇਰੇ ਰਾਹਤ ਵੀ ਮੁਹੱਈਆ ਕਰਦੀ ਹੋਵੇ।

Classification: Public

ਇਸ ਤੋਂ ਇਲਾਵਾ, ਇਹ ਤਬਦੀਲੀਆਂ ਐਲਬਰਟਾ ਆਟੋਮੌਬਾਈਲ ਇੰਸ਼ੋਰੈਂਸ ਰੇਟ ਬੋਰਡ (AIRB) ਨੂੰ ਅਧਿਕਾਰ ਦੇਣਗੀਆਂ ਕਿ ਉਨ੍ਹਾਂ ਸਾਲਾਂ 'ਚ, ਜਦੋਂ ਇੰਸ਼ੋਰੈਂਸ ਇੰਡਸਟਰੀ ਨੂੰ ਜ਼ਿਕਰਯੋਗ ਢੰਗ ਨਾਲ ਵੱਡਾ ਮੁਨਾਫਾ ਹੋਵੇ ਤਾਂ ਉਹ ਇੰਸ਼ੋਰੈਂਸ ਦੇਣ ਵਾਲਿਆਂ ਨੂੰ ਹਿਦਾਇਤ ਕਰ ਸਕਣ ਕਿ ਉਹ ਐਲਬਰਟਾ ਨਿਵਾਸੀਆਂ ਨੂੰ ਪ੍ਰੀਮੀਅਮ ਵਾਪਸ ਮੋੜਨ। ਏ ਆਈ ਆਰ ਬੀ ਕਿਸੇ ਵੀ ਇੰਸ਼ੋਰੈਂਸ ਦੇਣ ਵਾਲੇ ਨੂੰ ਕਿਸੇ ਵਕਤ ਵੀ ਆਪਣੇ ਰੇਟ ਫਾਈਲ ਕਰਨ ਦੀ ਬੇਨਤੀ ਕਰ ਸਕਦਾ ਹੋਵੇਗਾ, ਜਿੰਨ੍ਹਾਂ ਦੀ ਉਹ ਪੁਨਰ-ਪੜਚੋਲ ਕਰ ਸਕੇਗਾ ਅਤੇ ਜੇ ਜ਼ਰੂਰਤ ਬਣਦੀ ਹੋਵੇ ਤਾਂ ਆਟੋ ਇੰਸ਼ੋਰੈਂਸ ਰੇਟਾਂ ਨੂੰ ਸੰਭਵ ਤੌਰ 'ਤੇ ਘੱਟ ਕਰ ਸਕੇਗਾ।

"ਅਸੀਂ ਸਮਝਦੇ ਹਾਂ ਜਿੰਨ੍ਹਾਂ ਮੁਸ਼ਕਿਲਾਂ ਨਾਲ ਬਹੁਤ ਸਾਰੇ ਐਲਬਰਟਾ ਨਿਵਾਸੀ ਜੂਝ ਰਹੇ ਹਨ, ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਐਲਬਰਟਾ ਨਿਵਾਸੀ, ਜਿਸ ਕਵਰੇਜ ਦੀ ਉਨ੍ਹਾਂ ਨੂੰ ਲੋੜ ਹੈ, ਉਸਨੂੰ ਲੈ ਸਕਣ ਜੋਗੇ ਹੋਣ। ਇਕ ਪੁੱਜਤਯੋਗ ਆਟੋ ਇੰਸ਼ੋਰੈਂਸ ਪ੍ਰਾਪਤ ਕਰ ਸਕਣਾ ਸਾਡੀ ਸਰਕਾਰ ਲਈ ਇਕ ਪ੍ਰਮੁੱਖ ਪ੍ਰਤਿਬਧਤਾ ਹੈ ਅਤੇ ਉਸ ਵਾਅਦੇ ਨੂੰ ਪੂਰਿਆਂ ਕਰ ਸਕਣ ਵੱਲ ਇਹ ਕੇਵਲ ਪਹਿਲਾ ਕਦਮ ਹੈ। ਅਸੀਂ ਇੰਸ਼ੋਰੈਂਸ ਇੰਡਸਟਰੀ ਦੀ ਨਿਭਣਯੋਗਤਾ ਦੀ ਕਦਰ ਪਾਉਂਦੇ ਹਾਂ ਅਤੇ ਇੰਸ਼ੋਰੈਂਸ ਦੇਣ ਵਾਲਿਆਂ ਵੱਲੋਂ ਵਧੇਰੇ ਸਹਿਯੋਗ ਦੀ ਮੰਗ ਕਰਦੇ ਹਾਂ, ਜਦੋਂ ਕਿ ਅਸੀਂ ਇੰਨ੍ਹਾਂ ਮੁੱਦਿਆਂ ਨਾਲ ਨਿਪਟਣ ਵਾਸਤੇ ਕੰਮ ਕਰਨਾਂ ਜਾਰੀ ਰੱਖ ਰਹੇ ਹਾਂ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰੱਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

"ਪੁੱਜਤਯੋਗਤਾ ਐਲਬਰਟਾ ਨਿਵਾਸੀਆਂ ਲਈ ਇਕ ਪ੍ਰਮੁੱਖ ਸਮੱਸਿਆ ਬਣਨਾਂ ਜਾਰੀ ਰੱਖਦੀ ਹੈ ਜਦੋਂ ਰੋਜ਼ ਦੀਆਂ ਜ਼ਰੂਰਤਾਂ ਦੇ ਖਰਚੇ ਵਧਦੇ ਹਨ ਅਤੇ ਇਹ ਗੁਜ਼ਾਰਾ ਚਲਾਉਣ ਨੂੰ ਔਖਾ ਬਣਾ ਦਿੰਦੇ ਹਨ। ਇਸੇ ਕਰਕੇ ਅਸੀਂ ਖਰਚਿਆਂ ਨੂੰ ਸਥਿਰ ਕਰਨ 'ਚ ਸਹਾਈ ਹੋਣ ਵਾਸਤੇ ਪੁੱਜਤਯੋਗਤਾ ਦੇ ਆਪਣੇ ਮੌਜੂਦਾ ਢੰਗ ਤਰੀਕਿਆਂ ਨੂੰ ਆਧਾਰ ਬਣਾਉਣਾ ਜਾਰੀ ਰੱਖਦੇ ਹਾਂ। ਇਹ ਆਟੋ ਇੰਸ਼ੋਰੈਂਸ ਸੁਧਾਰ ਸਮੇਂ ਦੀ ਥੋੜੀ ਮਿਆਦ ਲਈ ਇਹ ਕੁਝ ਕਰ ਸਕਣ 'ਚ ਸਹਾਈ ਹੋਣਗੇ।"

*Nathan Neudorf, ਮਿਨਿਸਟਰ ਆਫ ਅਫੋਰਡੇਬਿਲਿਟੀ ਐਂਡ ਯੂਟਿਲਿਟੀਜ਼*

ਐਲਬਰਟਾ ਸਰਕਾਰ ਐਲਬਰਟਾ ਦੀ ਆਟੋ ਇੰਸ਼ੋਰੈਂਸ ਇੰਡਸਟਰੀ ਨੂੰ ਵਧੇਰੇ ਪੁੱਜਤਯੋਗ ਅਤੇ ਨਿਭਣਯੋਗ ਬਣਾਉਣ ਵਾਸਤੇ ਲੰਮੀ ਮਿਆਦ ਦੇ ਸਮਾਧਾਨਾਂ ਨੂੰ ਬੜੀ ਨੇੜਿਉਂ ਵਾਚ ਰਹੀ ਹੈ।

ਰੇਟਾਂ 'ਚ ਮੌਜੂਦਾ ਠਹਿਰਾਅ ਐਲਬਰਟਾ ਦੇ ਡਰਾਈਵਰਾਂ ਉੱਪਰਲੇ ਬੋਝ ਨੂੰ ਘੱਟ ਕਰਨ ਲਈ 2023 ਦੇ ਅੰਤ ਤੱਕ ਲਾਗੂ ਰਹੇਗਾ। 2024 ਲਈ ਪ੍ਰਸਤਾਵਤ ਸੁਧਾਰ ਇੰਸ਼ੋਰੈਂਸ ਦੇਣ ਵਾਲਿਆਂ ਵੱਲੋਂ ਬੇਨਤੀ ਕੀਤੇ ਜਾ ਸਕਣ ਵਾਲੇ ਰੇਟ ਵਾਧੇ ਉੱਪਰ ਇਕ ਤਕੜੀ ਸੀਲਿੰਗ ਨਹੀਂ ਠੋਸਣਗੇ, ਪਰੰਤੂ ਉਸ ਕੰਟਰੋਲ ਵਿਚ ਮਦਦ ਕਰਨਗੇ ਕਿ ਵਾਧੇ ਗਾਹਕਾਂ ਉੱਪਰ ਕਿਵੇਂ ਵੰਡੇ ਜਾਂਦੇ ਹਨ, ਵਿਸ਼ੇਸ਼ ਕਰਕੇ ਡਰਾਈਵਿੰਗ ਦੇ ਵਧੀਆ ਰਿਕਾਰਡ ਵਾਲੇ ਡਰਾਈਵਰਾਂ ਉੱਪਰ। 2024 ਵਿਚਲੇ ਹਰੇਕ ਵਾਧੇ 'ਤੇ ਧਿਆਨ ਪੂਰਬਕ ਨਿਗਰਾਨੀ ਰੱਖੀ ਜਾਵੇਗੀ ਤਾਂ ਕਿ ਯਕੀਨੀ ਰਹੇ ਕਿ ਉਹ ਵਾਧਾ ਉਚਿਤ ਅਤੇ ਨਿਆਂਪੂਰਬਕ ਹੈ। ਐਲਬਰਟਾ ਨਿਵਾਸੀ ਆਪਣੇ ਲਈ ਸਭ ਤੋਂ ਵਧੀਆ ਇੰਸ਼ੋਰੈਂਸ ਕਵਰੇਜ ਲੈਣ ਵਾਸਤੇ ਵੱਖ ਵੱਖ ਥਾਵਾਂ ਤੋਂ ਰੇਟ ਪਤਾ ਕਰ ਸਕਣਾ ਜਾਰੀ ਰੱਖਣਗੇ।

“ਆਟੋਮੋਬਾਈਲ ਇੰਸ਼ੋਰੈਂਸ ਰੇਟ ਬੋਰਡ ਉੱਪਰ ਖਪਤਕਾਰਾਂ ਦੇ ਇਕ ਪ੍ਰਤਿਨਿਧ ਵਜੋਂ, ਮੈਂ ਇਹ ਯਕੀਨੀ ਬਣਾਉਂਦਾ ਹਾਂ ਕਿ ਇੰਸ਼ੋਰੈਂਸ ਦੇਣ ਵਾਲਿਆਂ ਦੇ ਮੁੱਲ-ਨਿਰਧਾਰਨ ਪ੍ਰੋਗਰਾਮਾਂ ਸਮੇਤ, ਬੋਰਡ ਦੇ ਸਾਰੇ ਫੈਸਲਿਆਂ ‘ਚ ਐਲਬਰਟਾ ਦੇ ਡਰਾਈਵਰਾਂ ਨੂੰ ਧਿਆਨ ‘ਚ ਰੱਖਿਆ ਜਾਂਦਾ ਹੈ। ਮੇਰਾ ਵਿਸ਼ਵਾਸ਼ ਹੈ ਕਿ ਵਧੀਆ ਡਰਾਈਵਰਾਂ ਨੂੰ ਰੇਟਾਂ ‘ਚ ਅਚਨਚੇਤੇ ਵਾਧਿਆਂ ਤੋਂ ਸੁਰੱਖਿਆ ਦਿਵਾਉਣਾ ਐਲਬਰਟਾ ਦੇ ਖਪਤਕਾਰਾਂ ਦੀ ਇਕ ਜਿੱਤ ਹੈ। ਪੁੱਜਤਯੋਗਤਾ ਦੀਆਂ ਚੁਣੌਤੀਆਂ ਦੇ ਇਨ੍ਹਾਂ ਸਮਿਆਂ ਦੌਰਾਨ, ਇਹ ਕਾਰਵਾਈ ਐਲਬਰਟਾ ਦੇ ਪਰਿਵਾਰਾਂ ਲਈ ਕੀਮਤ ਸਥਿਰਤਾ ਅਤੇ ਪੂਰਵ-ਅਨੁਮਾਨ ਮੁਹੱਈਆ ਕਰੇਗੀ।”

*Stephane Lemieux, ਕੰਜ਼ੂਮਰ ਰਿਪ੍ਰੇਜ਼ੈਂਟੇਟਿਵ, ਐਲਬਰਟਾ ਆਟੋਮੋਬਾਈਲ ਇੰਸ਼ੋਰੈਂਸ ਰੇਟ ਬੋਰਡ*

ਸਰਕਾਰ ਨੇ ਲੰਮੇਰੇ ਸਮੇਂ ਦੇ ਸੁਧਾਰਾਂ ਦੇ ਸਬੰਧ ‘ਚ ਇਕ ਬਾਹਰਲੇ ਕੰਸਲਟੈਂਟ ਦੁਆਰਾ ਇਹ ਡੂੰਘੇਰਾ ਵਿਸ਼ਲੇਸ਼ਣ ਕਰਵਾਇਆ ਹੈ। ਉਸ ਦੀ ਖਰੜਾ ਰਿਪੋਰਟ 2023 ਦੇ ਅੰਤ ਤੱਕ ਮਿਲਣ ਦੀ ਆਸ ਹੈ, ਜਦੋਂ ਕਿ ਅੰਤਮ ਰਿਪੋਰਟ 2024  ਦੀ ਪਹਿਲੀ ਚੌਥਾਈ ‘ਚ ਮਿਲਣ ਦੀ ਆਸ ਹੈ। ਇਸ ਵਿਸ਼ਲੇਣ ਦੇ ਨਤੀਜੇ ਸਰਕਾਰ ਦੇ ਲੰਮੇਰੀ ਮਿਆਦ ਦੇ ਸੁਧਾਰਾਂ ਨੂੰ ਜਾਣਕਾਰੀ ਪ੍ਰਦਾਨ ਕਰਨਗੇ।

# ਫੌਰੀ ਤੱਥ

- ਚੰਗੇ ਰਿਕਾਰਡ ਵਾਲੇ ਡਰਾਈਵਰਾਂ ਦਾ ਵਿਵਰਣ ਏ ਆਈ ਆਰ ਬੀ ਦੀਆਂ ਗਰਿੱਡ ਰੇਟਿੰਗ ਪ੍ਰੋਗਰਾਮ ਲਈ ਦਿੱਤੀਆਂ ਗਾਈਡਲਾਈਨਾਂ ਤੋਂ ਲਿਆ ਗਿਆ ਹੈ। ਇਸ ਵਿਚ ਹੇਠ ਲਿਖਿਆਂ ਤੋਂ ਬਗੈਰ ਹਰ ਕੋਈ ਸ਼ਾਮਲ ਹੁੰਦਾ ਹੈ:

  - ਪਿਛਲੇ 6 ਸਾਲਾਂ ‘ਚ ਇਕ ਜਾਂ ਇਕ ਤੋਂ ਵੱਧ ਕਸੂਰਵਾਰੀ ਵਾਲੇ ਐਕਸੀਡੈਂਟ
  - ਪਿਛਲੇ 4 ਸਾਲਾਂ ‘ਚ ਕੋਈ ਵੀ ਕ੍ਰਿਮੀਨਲ ਕੋਡ ਵਾਲਾ ਟ੍ਰੈਫਿਕ ਅਪਰਾਧ
  - ਪਿਛਲੇ ਤਿੰਨ ਸਾਲਾਂ ‘ਚ ਕੋਈ ਵੀ ਵੱਡਾ ਟ੍ਰੈਫਿਕ ਅਪਰਾਧ
  - ਪਿਛਲੇ ਤਿੰਨ ਸਾਲਾਂ ‘ਚ ਇਕ ਨਾਲੋਂ ਵੱਧ ਛੋਟੇ ਟ੍ਰੈਫਿਕ ਅਪਰਾਧ

- ਐਲਬਰਟਾ ਦੀ ਮੁਕਾਬਲੇ ਵਾਲੀ ਮਾਰਕੀਟਪਲੇਸ ‘ਚ ਐਲਬਰਟਾ ਨਿਵਾਸੀ ਕਈ ਵਾਰੀ ਵੱਖ ਵੱਖ ਥਾਵਾਂ ਤੋਂ ਰੇਟ ਪਤਾ ਕਰਨ ਅਤੇ ਆਪਣੇ ਵਿਕਲਪ ਲੱਭਣ ਦੁਆਰਾ ਚੰਗੇਰੇ ਰੇਟ ਪ੍ਰਾਪਤ ਕਰ ਸਕਦੇ ਹਨ।
  - ਐਲਬਰਟਾ ਨਿਵਾਸੀਆਂ ਨੂੰ ਵਧੀਆ ਰੇਟ ਲੈ ਸਕਣ ਵਾਸਤੇ ਆਪਣੀਆਂ ਇੰਸ਼ੋਰੈਂਸ ਕੰਪਨੀਆਂ ਅਤੇ ਬਰੋਕਰਾਂ ਨਾਲ ਕੰਮ ਕਰਨਾਂ ਜਾਰੀ ਰੱਖਣਾ ਚਾਹੀਦਾ ਹੈ।
  - ਆਪਣੇ ਚੰਗੇ ਡਰਾਈਵਿੰਗ ਵਿਉਹਾਰ ਵਾਸਤੇ ਮਿਲਦੇ ਡਿਸਕਾਊਂਟਾਂ ਤੋਂ ਇਲਾਵਾ ਐਲਬਰਟਾ ਡਰਾਈਵਰ ਆਪਣੇ ਘਰਾਂ ਅਤੇ ਪ੍ਰਾਪਰਟੀਆਂ ਦੇ ਇੰਸ਼ੋਰੈਂਸ ਨੂੰ ਨਾਲ ਬੰਡਲ ਕਰਨ ਦੁਆਰਾ 20% ਤੱਕ ਹੋਰ ਡਿਸਕਾਊਂਟ ਪ੍ਰਾਪਤ ਕਰ ਸਕਦੇ  ਹਨ।

# ਸਬੰਧਤ  ਜਾਣਕਾਰੀ

- ਇੰਸ਼ੋਰੈਂਸ
- ਆਟੋਮੋਬਾਈਲ ਇੰਸ਼ੋਰੈਂਸ ਰੀਫੌਰਮਜ਼
- ਸੁਪਰਿੰਟੈਂਡੈਂਟ ਆਫ ਇੰਸ਼ੋਰੈਂਸ ਬੁਲੇਟਿਨਜ਼ ਐਂਡ ਨੋਟਿਸਜ਼
- ਐਲਬਰਟਾ ਆਟੋਮੋਬਾਈਲ ਇੰਸ਼ੋਰੈਂਸ ਰੇਟ ਬੋਰਡ
- ਗਰਿੱਡ ਗਾਈਡੈਂਸ
- ਐਫੋਰਡੇਬਿਲਟੀ ਐਕਸ਼ਨ ਪਲੈਨ

## ਸਬੰਧਤ ਨਿਊਜ਼

- ਟੇਕਿੰਗ ਐਕਸ਼ਨ ਆਨ ਇੰਸ਼ੋਰੈਂਸ (26 ਜਨਵਰੀ 2023)

## ਮਲਟੀਮੀਡੀਆ

- ਵਾਚ ਦਿ ਨਿਊਜ਼ ਕਾਨਫਰੰਸ

## ਮੀਡੀਆ ਇਨਕੁਆਰੀਆਂ


### Sam Blackett

587-589-6048
ਪ੍ਰੈਸ ਸੈਕਰੇਟਰੀ, ਆਫਸ ਆਫ ਦਿ ਪ੍ਰੀਮੀਅਰ

### Savannah Johannsen

780-686-3521
ਪ੍ਰੈਸ ਸੈਕਰੇਟਰੀ, ਟ੍ਰੈਈਜ਼ਰੀ ਬੋਰਡ ਐਂਡ ਫਾਇਨੈਂਸ

### Josh Aldrich

587-338-7509
ਪ੍ਰੈੱਸ ਸੈਕਰੇਟਰੀ, ਅਫੋਰਡੇਬਿਲਿਟੀ ਐਂਡ ਯੂਟੀਲਿਟੀਜ਼